# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ, ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਈ-ਬਲਾਕ, 5ਵੀਂ ਮੰਜ਼ਿਲ, ਮੋਹਾਲੀ (ਅਜੀਤਗੜ੍ਹ)

---

ਵੱਲ :

1.ਡਾਇਰੈਕਟਰ,ਐਸ.ਸੀ.ਈ.ਆਰ.ਟੀ,ਪੰਜਾਬ

2.ਸਮੂਹ ਜਿ.ਸਿੱ.ਅ.(ਸੈ.ਸਿੱ/ਐ.ਸਿੱ),ਪੰਜਾਬ

3. ਸਮੂਹ ਪ੍ਰਿੰਸੀਪਲਜ ਡਾਇਟਸ ਅਤੇ ਸਰਕਾਰੀ ਇਨ-ਸਰਵਿਸ ਟਰੇਨਿੰਗ ਸੈਂਟਰ,ਪੰਜਾਬ

4.ਰਾਜ ਦੇ ਸਮੂਹ ਸ.ਪ੍ਰ.ਸ./ਸ.ਮਿ.ਸ./ਸ.ਹ.ਸ./ਸ.ਸ.ਸ.ਸਕੂਲ ਦੇ ਮੁੱਖੀ

ਮੀਮੋ ਨੰ: ਏ.ਐਸ.ਪੀ.ਡੀ/ ਟੀ.ਟੀ./ਸਸਅ/ 2014/ 001112
ਮਿਤੀ, ਚੰਡੀਗੜ੍ਹ : 7/5/2014

ਵਿਸ਼ਾ: University of Toronto,Canada ਵਿਖੇ 4 ਹਫ਼ਤਿਆਂ ਦੇ ਟੀਚਰ-ਟਰੇਨਿੰਗ ਪ੍ਰੋਗਰਾਮ ਸੰਬੰਧੀ।

1. ਉਕਤ ਵਿਸ਼ੇ ਸੰਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਅਕਾਦਮਿਕ ਸੈਸ਼ਨ 2014-15 ਦੌਰਾਨ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ 50 ਅਧਿਆਪਕਾਂ ਨੂੰ ਟੀਚਰ ਡਿਵੈਲਪਮੈਂਟ ਪ੍ਰੋਗਰਾਮ ਤਹਿਤ University of Toronto,Canada ਵਿਖੇ 4 ਹਫ਼ਤਿਆਂ ਦੀ ਟਰੇਨਿੰਗ ਲਈ ਭੇਜਿਆ ਜਾਣਾ ਹੈ,ਜਿਸ ਦਾ ਸਾਰਾ ਖਰਚਾ ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਵੱਲੋਂ ਕੀਤਾ ਜਾਵੇਗਾ।

2. ਟਰੇਨਿੰਗ ਤੇ' ਭੇਜੇ ਜਾਣ ਵਾਲੇ ਅਧਿਆਪਕਾਂ ਦੀ ਚੋਣ ਉਹਨਾਂ ਦੀ ਸਿੱਖਿਆ ਵਿਭਾਗ ਵਿੱਚ ਸੇਵਾ/ਪ੍ਰਾਪਤੀਆਂ ਦੇ ਅਧਾਰ ਤੇ' ਕੀਤੀ ਜਾਣੀ ਹੈ। ਇਸ ਲਈ ਰਾਜ ਦੇ ਸਰਕਾਰੀ ਸਕੂਲਾਂ ਦੇ ਪ੍ਰਾਇਮਰੀ ,ਮਿਡਲ,ਹਾਈ ਅਤੇ ਸੀਨੀ.ਸੈਕੰਡਰੀ ਪੱਧਰ ਤੱਕ ਦੇ ਅਧਿਆਪਕ ਨਿਸ਼ਚਿਤ ਪ੍ਰੋਫਾਰਮਾ ਰਾਹੀਂ ਵਿਭਾਗੀ ਵੈਬਸਾਈਟ **ssapunjab.org** ਤੇ' ਆਨ-ਲਾਈਨ ਅਪਲਾਈ ਕਰ ਸਕਦੇ ਹਨ।

3. ਅਪਲਾਈ ਕਰਨ ਲਈ ਅਧਿਆਪਕਾਂ ਦੀ ਯੋਗਤਾ ਹੇਠ ਦਰਸਾਏ ਅਨੁਸਾਰ ਲਾਜ਼ਮੀ ਹੈ:-

(ੳ) ਪੰਜਾਬ ਸਕੂਲ ਸਿੱਖਿਆ ਵਿਭਾਗ ਵਿੱਚ ਘੱਟੋ-ਘੱਟ 10 ਸਾਲ ਦਾ ਤਜਰਬਾ ਅਤੇ ਘੱਟੋ-ਘੱਟ 10 ਸਾਲ ਦੀ ਸੇਵਾ ਹੋਰ ਬਾਕੀ ਹੋਵੇ।

(ਅ) ਅਪਲਾਈ ਕਰਨ ਵਾਲੇ ਉਮੀਦਵਾਰ ਵੱਲੋਂ 10 ਜੁਲਾਈ 2014 ਤੱਕ IELTS ਪ੍ਰੀਖਿਆ ਵਿੱਚ ਘੱਟੋ-ਘੱਟ 6.5 Band ਜਾਂ TOEFL ਵਿੱਚ 79-93 Points ਪ੍ਰਾਪਤ ਕਰਨੇ ਜ਼ਰੂਰੀ ਹਨ, ਜਿਸ ਦਾ ਸਬੂਤ ਮਿਤੀ 10 ਜੁਲਾਈ 2014 ਤੱਕ ਅਧਿਆਪਕਾਂ ਵੱਲੋਂ ਇਸ ਦਫ਼ਤਰ ਵਿਖੇ ਪੇਸ਼ ਕੀਤਾ ਜਾਵੇਗਾ।

(ਨੋਟ:- ਸੰਬੰਧਤ ਉਮੀਦਵਾਰ ਵੱਲੋਂ IELTS / TOEFL ਦੀ ਪ੍ਰੀਖਿਆ ਆਪਣੇ ਖਰਚੇ ਤੇ' ਪਾਸ ਕੀਤੀ ਜਾਵੇਗੀ)

4. ਟਰੇਨਿੰਗ ਪ੍ਰਾਪਤ ਕਰਨ ਉਪਰੰਤ ਇਹ ਅਧਿਆਪਕ ਸਕੂਲ ਸਿੱਖਿਆ ਵਿਭਾਗ ਵਿੱਚ ਆਪਣੀ ਸੰਸਥਾ ਵਿੱਚ ਹੀ ਕੰਮ ਕਰਨਗੇ, ਪ੍ਰੰਤੂ ਰਾਜ ਵਿੱਚ ਚਲਦੇ ਟੀਚਰ-ਟਰੇਨਿੰਗ ਪ੍ਰੋਗਰਾਮਾਂ ਵਿੱਚ ਇਹਨਾਂ ਦੀਆਂ ਬਤੌਰ ਰਿਸੋਰਸ-ਪਰਸਨ ਸੇਵਾਵਾਂ ਪੰਜਾਬ ਦੇ ਕਿਸੇ ਵੀ ਖੇਤਰ ਵਿੱਚ ਲਈਆਂ ਜਾ ਸਕਦੀਆਂ ਹਨ, ਜਿਸ ਲਈ ਸੰਬੰਧਤ ਅਧਿਆਪਕ ਵੱਲੋਂ ਵਿਭਾਗ ਨਾਲ ਇਕਰਾਰਨਾਮਾ ਕੀਤਾ ਜਾਵੇਗਾ। ਇਸ ਇਕਰਾਰਨਾਮੇ ਮੁਤਾਬਕ ਜੇਕਰ ਆਉਣ ਵਾਲੇ 5 ਸਾਲ ਦੇ ਸਮੇਂ ਵਿੱਚ ਅਧਿਆਪਕ ਵਿਭਾਗੀ ਸੇਵਾ ਤੋਂ ਅਸਤੀਫਾ ਦੇਣਾ ਚਾਹੁੰਦਾ ਹੈ ਤਾਂ ਉਸ ਵੱਲੋਂ ਇਸ ਟਰੇਨਿੰਗ ਲਈ ਉਸ ਤੇ' ਹੋਏ ਖਰਚੇ ਦੀ ਪ੍ਰਤੀਪੂਰਤੀ ਵਿਭਾਗ ਨੂੰ ਕੀਤੀ ਜਾਵੇਗੀ।

5. ਇਸ ਪੱਤਰ ਰਾਹੀਂ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੀ ਸੰਸਥਾ/ਦਫ਼ਤਰ ਅਧੀਨ ਕੰਮ ਕਰਦੇ ਸਾਰੇ ਅਧਿਆਪਕਾਂ ਨੂੰ ਇਸ ਸੰਬੰਧੀ ਸੂਚਿਤ ਕੀਤਾ ਜਾਵੇ ਤਾਂ ਜੋ ਚਾਹਵਾਨ ਅਧਿਆਪਕ ਇਸ ਪ੍ਰੋਗਰਾਮ ਲਈ ਸਮੇ ਸਿਰ ਅਪਲਾਈ ਕਰ ਸਕਣ।

6. ਅਪਲਾਈ ਕਰਨ ਦੀ ਆਖਰੀ ਮਿਤੀ 20 ਮਈ 2014 ਹੈ।

7. ਉਕਤ ਅਨੁਸਾਰ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਜੀ।

ਪ੍ਰਮੁੱਖ ਸਕੱਤਰ ਸਕੂਲ ਸਿੱਖਿਆ
ਪੰਜਾਬ ।